Purva Mimaansa | Refereed | Peer Reviewed
ISSN: 0976-0237 | Volume 16, Issue: March 2025 | Impact Factor 5.504

# ਪ੍ਰੋ. ਭੱਟੀ ਦੀ ਕਵਿਤਾ ਤੂੰ ਨਜਮ ਹੀ ਰਹੀਂ ਦੀ ਸਮਕਾਲੀ ਸਮਾਜਿਕ ਪ੍ਰਸੰਗਿਕਤਾ

**ਨਿਰਵੈਰ ਸਿੰਘ**
ਮੁਖੀ, ਪੰਜਾਬੀ ਵਿਭਾਗ, ਐਸ.ਡੀ.ਕਾਲਜ, ਅੰਬਾਲਾ ਕੈਂਟ

ਪ੍ਰੋ. ਰਜਿੰਦਰ ਸਿੰਘ ਭੱਟੀ ਹਰਿਆਣੇ ਦੇ ਸਥਾਪਿਤ ਅਤੇ ਚਿੰਤਨਸ਼ੀਲ ਕਵੀ ਹਨ। ਕਾਵਿ-ਕਿਰਤ "ਤੂੰ ਨਜ਼ਮ ਹੀ ਰਹੀਂ" ਵਿਚ ਪ੍ਰੋ. ਭੱਟੀ ਦੀ ਸੰਵੇਦਨਸ਼ੀਲ ਸਖਸ਼ਿਅਤ ਕਾਵਿ ਅਭਿਵਕਤੀ ਰਾਹੀਂ ਰੂਪਮਾਨ ਹੁੰਦੀ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਮਨੁੱਖੀ ਅਸਤੀਤਵ ਤੋਂ ਲੈ ਕੇ ਬ੍ਰਹਮੰਡੀ ਚੇਤਨਾ, ਦਵੰਦਮੁੱਖੀ ਮਨੁਖੀ ਬਿਰਤੀਆਂ ਪਦਾਰਥਵਾਦੀ ਲੋਕ ਅਧੀਨ ਤਿੜਕੀ ਮਨੁੱਖੀ ਮਾਨਸਿਕਤਾ ਦੇ ਵਿਗੜਨ ਦੇ ਨਾਲ ਵੀ ਪਰੰਪਰਕ ਮਨੁੱਖੀ ਸਵਰੂਪ ਨੂੰ ਵਡਿਆਉਂਦੀ ਹੋਈ ਆਤਮਿਕ ਮਨੁੱਖੀ ਬਿਰਤੀ ਦਾ ਬਹੁਵਿਸਤਾਰੀ ਅਤੇ ਬਹੁਦਿਸ਼ਾਵਾਂ ਵਰਨਣ ਕਰਦੀ ਹੈ। ਵਿਚਰਦੇ ਸਮੇਂ ਦਾ ਜੜ੍ਹਹੀਣ ਮਨੁੱਖੀ ਚਰਿਤਰ ਦਾ ਸੁਭਾਉ ਅਤੇ ਸਵਰੂਪ ਮਾਨਸਿਕ ਭੱਟਕਣ ਕਾਰਨ ਜਿਥੇ ਤਿੜਕਿਆ ਅਤੇ ਟੁੱਟੀਆ ਨਜ਼ਰ ਆਉਂਦਾ ਹੈ ਉਥੇ ਪ੍ਰੋ. ਭੱਟੀ ਦਾ ਕਾਵਿ-ਬੋਧ ਸਬਰ, ਸੰਤੋਖ, ਸੱਚ ਅਤੇ ਭੱਟਕਣ ਤੋਂ ਦੂਰ ਅਨੁਸ਼ਾਸਿਤ ਮਾਨਵਪੱਖੀ ਅਤੇ ਵੈਰ-ਵਿਰੋਧ ਰਹਿਤ ਵਾਤਾਵਰਣ ਦਾ ਸੰਕਲਪ ਉਸਾਰਦਾ ਨਜ਼ਰ ਆਉਂਦਾ ਹੈ। ਅਜੋਕੇ ਉੱਤਰ-ਆਧੁਨਿਕ ਦੌਰ ਵਿਚ ਵਿਸ਼ਵਪੱਖੀ ਸਾਹਿਤ ਅੰਦਰ ਪਰੰਪਰਾਵਾਂ ਦੇ ਗੁਆਚਨ, ਇਤਿਹਾਸ ਦੇ ਅੰਤ ਅਤੇ ਲੇਖਕ ਦੀ ਆਤਮਿਕ ਮੌਤ ਵਰਗੇ ਨਾਂਹਮੁੱਖੀ ਵਿਚਾਰਾਂ ਦਾ ਦੌਰ ਚਲ ਰਿਹਾ ਹੈ, ਉਥੇ ਪੰਜਾਬੀ ਸਾਹਿਤ-ਕਰਤਿਆਂ ਦੀਆਂ ਕਾਵਿ ਅਭਿਵਕਤੀਆਂ ਕੇਂਦਰ ਵਿਚ ਆਧੁਨਿਕ ਮਨੁੱਖੀ ਹੋਣੀ ਦੇ ਨਾਲ ਹੀ ਸਮਾਜਕ ਅਤੇ ਮਾਨਸਿਕ ਘਾਨ ਨਜ਼ਰ ਆਉਂਦਾ ਹੈ। ਇਸ ਮੌਤ ਬਾਰੇ ਡਾ. ਸੁਖਦੇਵ ਸਿੰਘ ਆਪਣੀ ਪੁਸਤਕ ਕਾਵਿ-ਸਰੋਕਾਰ ਵਿਚ ਲਿਖਦੇ ਹਨ 'ਸਮਕਾਲੀ ਪੰਜਾਬੀ ਕਵਿਤਾ ਭਾਵੇਂ ਰਾਸ਼ਟਰੀ ਪੱਧਰ ਤੇ ਵਾਪਰੀਆਂ ਘਟਨਾਵਾਂ, ਰਾਜਸੀ ਉਥਲ-ਪੁਥਲ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਵਿਚਾਰਧਾਰਕ ਤਬਦੀਲੀਆਂ ਦੇ ਨਾਲ ਹੀ ਸਮਾਜਕ ਤੇ ਸਭਿਆਚਾਰਕ ਸਰੰਚਨਾਵਾਂ ਵਿਚਲੇ ਬਦਲਾਵਾਂ ਤੋਂ ਪ੍ਰਭਾਵਿਤ ਹੋ ਰਹੀ ਹੈ। ਪਰ ਇਹ ਕਿਸੇ ਇਕ ਵਿਚਾਰਧਾਰਕ ਵਾਦ ਲਹਿਰ ਜਾਂ ਸੰਗਠਨ ਦੇ ਨਿਸ਼ਚਿਤ ਚੌਖਟੇ ਨੂੰ ਆਪਣਾ ਰਚਨਾਤਮਕ ਸਰੋਤ ਨਹੀਂ ਬਣਾਉਂਦੀ, ਯਥਾਰਤ ਪ੍ਰਤੀ ਇਕ ਕੇਂਦਰਵਾਦੀ ਪਹੁੰਚ ਕਾਰਨ ਇਹ ਕਵਿਤਾ ਸਮਕਾਲੀ ਜੀਵਨ ਦੇ ਸੱਚ ਦੀ ਸਤਹੀ ਰੀਪੋਰਟਿੰਗ, ਵਿਚਾਰਧਾਰਾ ਜਾਂ ਇਕਅਰਥੀ ਵਿਆਖਿਆ ਤਕ ਸੀਮਤ ਨਹੀਂ, ਸਮਕਾਲੀ ਪੰਜਾਬੀ ਸਾਹਿਤ ਅਤੇ ਯਥਾਰਤਕ ਸਾਹਿਤ ਵਿਚਾਰਧਾਰਾ ਜਿਹੇ ਸਾਹਿਤ-ਸ਼ਾਸਤਰੀ ਮਸਲਿਆਂ ਪ੍ਰਤੀ ਵਧੇਰੇ ਸੁਚੇਤ ਹੋ ਰਹੀ ਹੈ। ਸੋ ਅਜਿਹੇ ਬਦਲਦੇ ਨਿਰੰਤਰ ਵਰਤਾਰਿਆਂ ਅਤੇ ਮਨੁੱਖੀ ਹੋਂਦ ਲਈ ਮਾਰੂ ਰੁਝਾਨਾਂ ਲਈ ਪ੍ਰੋ. ਭੱਟੀ ਪ੍ਰੇਰਕ ਅਨੁਸ਼ਾਸਿਤ ਜੀਵਨ ਜਾਚ ਅਤੇ ਜੀਵਨ ਮੁਲਾਂ ਦੀ ਪੁਨਰ-ਉਸਾਰੀ ਦਾ ਨਿਵੇਕਲਾ ਸੁਰ ਪੰਜਾਬੀ ਸਾਹਿਤ ਪਾਠਕਾਂ ਸਾਹਮਣੇ ਰੱਖਦੇ ਹਨ। ਨਵੀਨ ਅਤੇ ਪੁਰਾਤਨ ਮਨੁੱਖੀ ਰੁਝਾਣਾਂ ਵਿਚ ਸੁਮੇਲ ਪੈਦਾ ਕਰਦਾ ਕਵਿ ਨਵੀਨ ਜੀਵਨ ਸ਼ੈਲੀ ਦੇ ਸਾਰਥਕ ਪੱਖਾਂ ਅਤੇ ਆਧੁਨਿਕ ਬਿਰਤੀਆਂ ਨੂੰ ਜਿਥੇ ਸਾਹਮਣੇ ਰਖਦੇ ਹਨ, ਉਥੇ ਸਾਡੇ ਵਿਰਸੇ ਦੇ ਪਰੰਪਰਕ ਤੱਥਾਂ ਅਤੇ ਰੂੜੀਵਾਦੀ ਜੀਵਨ ਮੁੱਲਾਂ ਵਿਚ ਸੰਤੁਸ਼ਟ ਮਨੁੱਖੀ ਬਿਰਤੀ ਦੀ ਚਿੰਤਨਸ਼ੀਲ ਪੇਸ਼ਕਾਰੀ ਕਰਦੇ ਹਨ। ਸ਼ਾਬਦਿਕ ਲਗ ਲਪੇਟ, ਬਨਾਵਟੀ ਅਤੇ ਦੋਹਰੇ ਵਿਚਾਰਧਾਰਕ ਕਾਵਿ

ਚੌਖਟੇ ਨੂੰ ਨਕਾਰਦੇ ਪ੍ਰੋ. ਭੱਟੀ ਬਾਬਾ ਫਰੀਦ ਵਾਂਗ ਫਰੀਦਾ "ਖਾਕ ਨਾ ਨਿੰਦੀਏ, ਖਾਕ ਜੈਡਿ ਨਾ ਕੋਇ" ਨੂੰ ਮਿੱਟੀ ਦਾ ਮੋਹ ਕਵਿਤਾ ਰਾਹੀਂ ਪੇਸ਼ ਕਰਦੇ ਹੋਏ ਮਿੱਟੀ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਦੇ ਹੋਏ ਆਪਣੇ ਸਾਹਿਤਕ ਮਨੋਰਥ ਨੂੰ ਸਮਾਜਕ ਸਾਰਥਕਤਾ ਨਾਲ ਜੋੜਦੇ ਹਨ।

ਮੈਨੂੰ ਮੋਹ ਹੈ,
ਮਿੱਟੀ ਨਾਲ।
ਮੈਂ ਮਿੱਟੀ ਦਾ, ਜਾਇਆ ਹਾਂ
ਮੈਂ ਉਗਾਵਾਂਗਾਂ, ਆਪਣੀ ਹਰ ਨਜ਼ਮ
ਆਪਣਾਂ ਹਰ ਗੀਤ, ਆਪਣੀ ਹਰ ਗਜ਼ਲ
ਮਿੱਟੀ ਵਿਚੋਂ।[2]

ਪ੍ਰੋ. ਭੱਟੀ ਦਾ ਕਾਵਿ-ਦ੍ਰਿਸ਼ਟੀਕੋਣ ਮਿੱਟੀ ਵਿਚੋਂ ਬੀਜ ਰੂਪ ਵਿਚ ਪੁੰਗਰੀਆ ਅਹਿਸਾਸ ਰੂਪੀ ਵਿਸ਼ਾਲ ਕੈਨਵਸ ਦੇ ਆਪਣੇ ਅਨੁਭਵਾਂ ਰੂਪੀ ਟਾਹਣੀਆਂ ਰਾਹੀਂ ਸਮਾਜਕ ਅਤੇ ਮਾਨਵੀ ਸੰਵੇਦਨਸ਼ੀਲ ਵਿਕਾਸ ਨੂੰ ਵਿਸਤ੍ਰਿਤ ਕਰਦਾ ਹੈ। ਸਮਕਾਲੀ ਮਨੁੱਖ ਦੇ ਹਉਮੈਵਾਦੀ, ਕਾਮਵਾਦੀ ਬਿਰਤੀ ਨੂੰ 'ਜੀਵਨ-ਦਾਨ' ਕਵਿਤਾ ਰਾਹੀਂ ਉਜਾਗਰ ਕਰਕੇ ਪ੍ਰੋ. ਭੱਟੀ ਪਾਣੀ ਦੀ ਨਿਰਮਲਤਾ ਦੇ ਰੂਪਕ ਰਾਹੀਂ ਹਿੰਸਕ ਕਾਮੁਕਤਾ ਉਤੇ ਸੰਵੇਦਨਸ਼ੀਲ ਕਾਵਿ-ਵਿਅੰਗ ਕਸਦੇ ਹਨ। ਪੱਛਮੀ ਜੀਵਨ ਸ਼ੈਲੀ ਜਾਂ ਖੁਲ ਵਾਂਗ ਤਬਦੀਲ ਹੁੰਦੇ ਭਾਰਤੀ ਸਮਾਜਕ ਤਾਨੇ-ਬਾਨੇ ਅਤੇ ਵਿਅਕਤੀਗਤ ਸੋਚ ਦਾ ਮੁਹਾੜ ਪਰੰਪਰਾ ਜਾਂ ਖ਼ਲਨਾਇਕੀ ਵਿਚਾਰਧਾਰਕ ਸਭਿਆਚਾਰ ਵਲ ਮੋੜਨ ਲਈ ਯਤਨਸ਼ੀਲ ਹਨ। ਉਹ ਸ੍ਰੇਸ਼ਟ ਚਿੰਤਕ ਅਤੇ ਸੰਵੇਦਨਸ਼ੀਲ ਮਨੁੱਖ ਦੇ ਰੂਪ ਵਿਚ ਨੀਰ ਦੀ ਸੁੱਚਤਾ ਅਤੇ ਨਿਰਮਲਤਾ ਨੂੰ ਭਾਰਤੀ ਜੀਵਨ ਸ਼ੈਲੀ ਦੇ ਸੰਦਰਭ ਵਿਚ ਪੇਸ਼ ਕਰਦੇ ਹੋਏ ਅਜੋਕੀ ਵਿਸ਼ਵਿਆਪੀ ਭੱਟਕਣ ਪ੍ਰਤੀ ਸੱਚੀ-ਸੁੱਚੀ ਕਰਤਵਸ਼ੀਲਤਾ ਦਾ ਪ੍ਰਗਟਾਵਾ ਕਰਦੇ ਹਨ।

ਮੇਰੇ ਨਿਰਮਲ ਨੀਰ ਨੂੰ
ਗੰਧਲਾ ਦਾ ਕਰ ਮੇਰੇ ਦੋਸਤ
ਆਪਦੀ ਗੰਧਲੀ, ਪਿਆਸ ਨਾਲ,
ਜਰਾ ਸੋਚ।
ਏਨਾ ਮੱਛੀਆਂ ਵਿਚਾਰੀਆਂ ਦਾ ਕੀ ਬਣੇਗਾ
ਆਪਣੀ ਇਸ ਗੰਧਲੀ ਪਿਆਸ ਨੂੰ
ਦੂਰ ਲੈ ਜਾ,
ਮੇਰੇ ਨਿਰਮਲ ਨੀਰ ਤੋਂ

ਕਿਤੇ ਦੂਰ, ਬਹੁਤ ਦੂਰ
ਤਾਂ ਜੋ ਜੀਵਨ ਦਾਨ ਮਿਲ ਸਕੇ
ਏਨਾ ਮੱਛੀਆਂ ਵਿਚਾਰੀਆਂ ਨੂੰ
ਜੀਵਨ-ਦਾਨ।[3]

ਜਿਥੇ ਅਜੋਕੀ ਪੰਜਾਬੀ ਕਵਿਤਾ ਸਮਕਾਲੀ ਯਥਾਰਤ ਪ੍ਰਤੀ ਆਂਤਰਿਕ, ਸਵੈ-ਕੇਂਦਰਿਤ ਅਤੇ ਇਕਹਿਰੀ ਬਿਰਤੀ ਦੀ ਧਾਰਨੀ ਹੈ ਕੇ ਬੌਧਿਕ ਪ੍ਰਤਿਕਰਮ ਉਸਾਰਦੀ ਹੈ ਉਥੇ ਪ੍ਰੋ. ਭੱਟੀ ਭਾਰਤੀ ਪ੍ਰਸ਼ਾਨਨਿਕ, ਰਾਜਨੀਤਿਕ, ਵਿਦਿਅਕ ਅਤੇ ਸਾਹਿਤਕ ਅਦਾਰਿਆਂ ਵਿਚ ਲੁੱਕੇ-ਛਿੱਪੇ ਬੈਠੇ ਅਣਦਿਸਦੇ ਅਤੇ ਅਮਾਨਵੀ, ਅਣਮੁੱਖੀ ਕਿਰਦਾਰਾਂ ਦੀ ਤੁਲਨਾਂ ਪੁਰਾਤਨ ਭਾਰਤੀ, ਪੰਜਾਬੀ ਸਭਿਆਚਾਰ ਦੇ ਮਲਨਾਇਕੀ ਚਿਹਰੇ ਔਰੰਗਜ਼ੇਬ ਨਾਲ ਕਰਦੇ ਹਨ। ਔਰੰਗਜ਼ੇਬ ਦੇ ਜਬਰ, ਜ਼ੁਲਮ ਖਿਲਾਫ਼ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫ਼ਰਨਾਮੇ ਵਿਚ ਲਿਖਿਆ ਹੈ।

"ਨਦਾਨਮ ਕਿ ਈ ਮਰਦ ਏ ਪੈਮਾ ਸ਼ਿਕਨ।
ਕਿ ਦੌਲਤ ਪ੍ਰਸਤਸਤ-ੳ-ਈ ਫਿਗਨ।
ਨਾ ਈਨਾਂ ਪ੍ਰਸਤੀ ਨਾਂ ਔਜਾਇ ਦੀ।
ਸਾਹਿਬ ਸਨਾਸੀ ਨਾ ਮੁਹੰਮਦ ਯਕੀ[4]"

ਇਸੇ ਤਰ੍ਹਾਂ ਡਾ. ਰਜਿੰਦਰ ਭੱਟੀ ਅਜੋਕੇ ਸਮਕਾਲੀ ਸਰਕਾਰੀ ਅਤੇ ਗੈਰਸਰਕਾਰੀ ਅਦਾਰਿਆਂ ਵਿਚ ਔਰੰਗਜ਼ੇਬ ਰੂਪੀ ਵਿਰਾਜਮਾਨ ਅਧਿਕਾਰੀਆਂ ਦੇ ਭ੍ਰਿਸ਼ਟੀ, ਲਾਲਚੀ ਅਤੇ ਸਿਧਾਂਤਕ ਰਹਿਤ ਕਾਰਜਾਂ ਨੂੰ ਆਪਣੀ ਚਿੰਤਨਸ਼ੀਲ ਕਾਵਿ-ਸੂੱਝ ਰਾਹੀਂ ਨੰਗੀਆਂ ਕਰਦੇ ਹਨ।

ਅਜ ਦਾ ਔਰੰਗਜ਼ੇਬ ਦਾ ਬੇਪਛਾਣ ਹੈ,
ਉਸ ਦੇ ਕਈ ਚਿਹਰੇ ਨੇ।
ਕਈ ਮੁਹਰੇ ਨੇ,
ਕਈ ਸਿਰ ਨੇ।
ਕਈ ਹੱਥ ਨੇ,
...............
ਮੇਰੇ ਗੁਰੂ ਨੂੰ
ਪਿਤਾ, ਪੁੱਤ, ਬੁੱਢੀ ਮਾਂ,
ਸਾਰਾ ਸਰਬੰਸ, ਆਪਣਾ ਆਪ ਜੀਵੀ
ਵਾਰਣਾ ਪਿਆ ਸੀ
............................
ਜੇ ਜ਼ਾਲਮ ਔਰੰਗਜ਼ੇਬ ਦੇ

PURVA MIMAANSA

ਕਹਿਣ ਅੱਗੇ, ਝੁਕਿਆ ਨਹੀਂ
ਰੁਕਿਆ ਨਹੀਂ, ਹਾਰਿਆ ਨਹੀਂ[5]

ਪਰ ਅਜੋਕੇ ਮਨੁੱਖ ਦੀ ਹੋਣੀ ਦਾ ਦੁਖਾਂਤ ਇਹ ਹੈ ਕਿ ਸਮਕਾਲੀ ਔਰੰਗਜ਼ੇਬ ਰੂਪੀ ਕਿਰਦਾਰਾਂ ਦੇ ਜ਼ੁਲਮਾਂ, ਬੇਇਨਸਾਫੀਆਂ ਵਿਰੁਧ ਸ਼ਕਤੀ, ਤਿਆਗ, ਬਲਿਦਾਨ ਦਾ ਪ੍ਰਤੀਕ ਖਾਲਸਾ ਨਹੀਂ ਸਾਜ ਸਕਦੇ। ਖਾਲਸੇ ਵਾਂਗ ਸੱਚ, ਜੁਝਾਰੂਪਨ ਦੀ ਥਾਂ, ਹਾਰ ਮੰਨੀ ਬੈਠਾ ਅਜੋਕਾ ਮਨੁੱਖ ਸਮਝੌਤਾਵਾਦੀ ਪ੍ਰਵਿਰਤੀ ਦਾ ਧਾਰਨੀ ਬਣਕੇ ਸੰਤਾਪਗ੍ਰਸਤ ਹੈ।

ਵਿਸ਼ਵੀਕਰਨ ਦੀ ਸ਼ਕਤੀਸ਼ਾਲੀ ਪਦਾਰਥਵਾਦੀ ਖਿਚ ਅਤੇ ਜਕੜਨ ਕਾਰਨ ਸਮਕਾਲੀ ਸਾਹਿਤਕ ਮਾਹੌਲ ਅੰਦਰ ਆਧੁਨਿਕ ਚਕਾਚੌਂਧ ਨਜ਼ਰ ਆਉਂਦੀ ਹੈ। ਪ੍ਰੋ. ਭੱਟੀ ਭਾਰਤੀ ਪੰਜਾਬੀ ਸਭਿਆਚਾਰਕ ਅਮੀਰ ਵਿਰਾਸਤ ਦੇ ਸਾਰਥਕ ਅਤੇ ਸ਼ਕਤੀਸ਼ਾਲੀ ਬਿੰਬਾਂ ਰਾਹੀਂ ਨਵੀਂ ਕਾਵਿ-ਚੇਤਨਾ ਵਲ ਅਗਰਸਰ ਹਨ। ਮਸ਼ੀਨੀਕਰਨ ਅਤੇ ਟਕਨੌਲਜੀ ਪ੍ਰਭਾਵਿਤ ਮਨੁੱਖੀ ਜੀਵਨ ਵਿਭਿੰਨ ਤਬਦੀਲੀਆਂ ਵਿਚੋਂ ਗੁਜਰ ਰਿਹਾ ਹੈ। ਮਸ਼ੀਨੀ ਸਭਿਅਤਾ ਵਾਲੀ ਤੇਜ਼ ਰਫਤਾਰੀ ਮਨੁੱਖੀ ਜ਼ਿੰਦਗੀ ਭਾਵੁਕਤਾ ਰਹਿਤ ਬਨਾਵਟੀ ਵਾਤਾਵਰਨ ਦੀ ਉਸਾਰੀ ਕਰ ਰਹੀ ਹੈ। ਅਜਿਹੇ ਵਾਤਾਵਰਨ ਵਿਚ ਪ੍ਰੋ. ਭੱਟੀ ਨਦੀ, ਸੜਕ ਅਤੇ ਦੰਭ ਕਵਿਤਾਵਾਂ ਰਾਹੀਂ ਉੱਤਰ ਆਧੁਨਿਕ ਕਾਲ ਦੇ ਮਨੁੱਖ ਦੇ ਦੁਖਾਂਤ ਦੀ ਰੇਖਾਕਾਰੀ ਕਰਦੇ ਹਨ। ਅਜਿਹੀਆਂ ਮਾਰੂ ਸਥਿਤੀਆਂ ਮਨੁੱਖੀ ਮਾਨਸਿਕਤਾ ਨੂੰ ਵਿਕਾਰਗ੍ਰਸਤ ਬਣਾ ਕੇ ਪਰੰਪਰਕ ਜੀਵਨ ਰਹਿਤਲ ਤੋਂ ਦੂਰ ਲੈ ਜਾ ਰਹੀਆਂ ਹਨ। ਅਜਿਹੇ ਮਾਰੂ ਹਾਲਾਤਾਂ ਪ੍ਰਤੀ ਪ੍ਰੋ. ਭੱਟੀ ਦੀ ਕਵਿਤਾ ਬੇਹਦ ਸੰਵੇਦਨਸ਼ੀਲ, ਵਿਵੇਕਸ਼ੀਲ ਅਤੇ ਪਰੰਪਰਕ ਸਭਿਅਤਾ ਵਿਚ ਉਸਰੇ ਮਨੁੱਖ ਦਾ ਪ੍ਰਤੀ-ਉਤਰ ਇਸ ਤਰ੍ਹਾਂ ਲੱਭਦੀ ਹੈ –

ਨਿਰਮਲ ਪਿਆਸ ਹੀ,
ਨਿਰਮਲ ਨੀਰ ਤਕ।
ਪਹੁੰਚ ਸਕਦੀ ਹੈ, ਸੋਹਣਿਆਂ।
ਔਖਾ ਹੈ, ਨਿਰਮਲ ਹੋਣਾ ਤੇ ਨਿਰਮਲ ਹੋਣ ਦਾ ਦੰਭ ਕਰਨਾ ਵੀ,

........................

ਜੁਗਾਂ ਤੋਂ ਉਡੀਕ ਹੈ
ਨਿਰਮਲ ਨੀਰ ਨੂੰ
ਨਿਰਮਲ ਪਿਆਸ ਦੀ
ਮੈਂ ਨਦੀ
ਨਿਰਮਲ ਨੀਰ ਨਾਲ
ਭਰੀ ਹੋਈ ਪਿਆਸ ਦੀ
ਡੀਕ ਨੂੰ ਉਡੀਕਦੀ

ਖਪਤ ਸੱਭਿਅਤਾ ਵਿਚ ਮੰਡੀ ਤੇ ਮੀਡੀਆਂ ਸਾਡੀ ਪਸੰਦ ਜਾਂ ਨਾਪਸੰਦ ਦਾ ਫੈਸਲਾ ਕਰਦੇ ਹਨ।

PURVA MIMAANSA

ਪੂੰਜੀ ਅਤੇ ਵਸਤੂ ਦੇ ਮੋਹ ਵਿਚ ਗ੍ਰਸਤ ਮਨੁੱਖ ਭੌਤਿਕਤਾਵਾਦ ਤੇ ਆਧਾਰਿਤ ਹੈ। ਧਰਮ, ਗਿਆਨ-ਸ਼ਾਸਤਰ, ਨੈਤਿਕਤਾ, ਸੂਚਨਾ ਤਕਨੌਲਜੀ ਅਤੇ ਕਲਾ ਸਭ ਉਪਭੋਗੀ ਵਾਸਤੂਆਂ ਬਨ ਕੇ ਰਹਿ ਜਾਂਦੀਆਂ ਹਨ। ਕਲਾ ਵਰਗੀ ਸੂਖਮ ਅਤੇ ਸ਼ਕਤੀਸ਼ਾਲੀ ਸ਼ਾਬਦਿਕ ਪ੍ਰਵਾਹ ਵੀ ਪੂੰਜੀ ਅਗੇ ਬੇਬਸ ਨਜ਼ਰ ਆਉਂਦੀ ਹੈ। ਇਸ ਮਾਰੂ ਹਾਲਾਤਾਂ ਵਿਚ ਕਲਾ ਤੇ ਕਲਾਕਾਰ ਦੀ ਹੋਂਦ ਬਾਰੇ ਸਮਕਾਲੀ ਕਵੀਆਂ ਦੀ ਸੁਚੇਤਨਾ ਵਿਚ ਪ੍ਰੋ. ਭੱਟੀ ਦਾ ਕਾਵਿ ਚਿੰਤਨ ਸਮਾਜ ਪ੍ਰਤੀ ਸੰਵੇਦਨਸ਼ੀਲਤਾ ਦਾ ਪ੍ਰਮਾਨ ਹੈ। ਪ੍ਰੋ. ਭੱਟੀ ਸਮਾਜਕ ਯਥਾਰਤ ਨੂੰ ਨਿਝੱਕ ਦ੍ਰਿਸ਼ਟੀ ਤੋਂ ਫਰੋਲਦੇ ਹੋਏ ਸਮਾਜੀਕਰਨ ਪ੍ਰਤੀ ਡੂੰਘੀ ਅਤੇ ਬ੍ਰਹਿਮੰਡੀ ਚੇਤਨਾ ਵਾਲੀ ਆਂਤਰਿਕ ਸੰਵੇਦਨਾ ਪ੍ਰਗਟ ਕਰਦੀ ਹੈ।

ਨਜ਼ਮ ਤਾਂ ਵਾਹਿਗੁਰੂ ਦੀ ਸਿਰਜੀ
ਕਾਇਨਾਤ ਵਿਚਲੀ
ਹਰ ਪਲ ਗੂੰਜ ਰਹੀ।
ਉਹ ਧੁਨੀ ਹੈ, ਮੇਰੇ ਦੋਸਤ,
ਜੋ ਸੁਣਾਈ ਦੇਂਦੀ ਹੈ, ਹਰ ਸਖਸ਼ ਨੂੰ
ਹਰ ਅਕਸ ਨੂੰ, ਹਰ ਨਕਸ ਨੂੰ[7]

ਪ੍ਰੋ. ਭੱਟੀ ਦੀ ਕਾਵਿ ਪ੍ਰਤਿਭਾ ਦਾ ਸਿਖਰ ਕਲਮਾਂ, ਸੱਚ, ਮਾਂ ਆਦਿ ਕਵਿਤਾਵਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਮਨੁੱਖੀ ਜੀਵਨ ਦੇ ਆਧਾਰਭੂਤ ਤਥਾਂ ਦੀ ਨਿਸ਼ਾਨਦੇਹੀ ਇਤਿਹਾਸਕ, ਮਿਥਿਹਾਸਕ ਟਿਪਣੀਆਂ ਨਾਲ ਕਰਕੇ ਪ੍ਰੋ. ਭੱਟੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਕਾਰਲ-ਮਾਰਕਸ, ਫਰੈਡਿਕਰ ਏਂਗਲਜ, ਭਗਤ ਸਿੰਘ ਆਦਿ ਭਗਤਾਂ ਮਹਾਂਪੁਰਸ਼ਾਂ ਦਾ ਹਵਾਲਾ ਦਿੰਦੀਆਂ ਸਮਾਜ ਗਿਰਾਵਟਾਂ ਘਾਨਾਂ ਦੇ ਖਿਲਾਫ ਵਿਸ਼ਵਵਿਆਪੀ ਸੱਚ ਨੂੰ ਕਾਵਿ ਸ਼ਕਤ ਰਾਹੀਂ ਢੰਡੋਲਦੇ ਹਨ।

ਕਲਮਾਂ ਜਦ ਚਲਦੀਆਂ ਨੇ
ਤੇ ਬਦਲ ਦੇਂਦੀਆਂ ਨੇ
ਰੁੱਖ ਇਤਹਾਸ ਦਾ
ਸਿਰਜਦੀਆਂ ਨੇ
ਨਵੀਂ ਤਵਾਰੀਖ
ਜ਼ਿੰਦਗੀ ਦੇ ਪੰਨਿਆਂ ਤੇ
ਕਲਮਾਂ ਨੂੰ ਵਰਦਾਨ[8]

ਪ੍ਰੋ. ਭੱਟੀ ਨੇ ਮੇਰਾ ਪਾਤਸ਼ਾਹ ਕਵਿਤਾ ਰਾਹੀਂ ਇਤਿਹਾਸਕ ਵੇਰਵਿਆਂ ਉਤੇ ਆਧਾਰਿਤ ਆਪਣੀ ਵਿਵੇਕਸ਼ੀਲਤਾ ਰਾਹੀਂ ਸਮਕਾਲੀ ਸਮਾਜਕ ਚੌਗਿਰਦੇ ਵਿਚਲੇ ਸੰਕਟ ਅਤੇ ਵਿਸੰਗਤੀਆਂ ਤੋਂ ਰੂ-ਬ-ਰੂ ਕਰਵਾਇਆ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਬਲੀਦਾਨੀ ਮਹਾਂਪੁਰਸ਼ੀ ਅਤੇ ਅਸਾਧਾਰਨ ਵਿਅਕਤੀਤਵ ਨੂੰ ਜ਼ੁਲਮ ਦੇ ਖਿਲਾਫ ਪੇਸ਼ ਕਰਦੇ ਹੋਏ ਸਿੱਖ ਸੱਭਿਆਚਾਰਕ ਅੰਸ਼ਾਂ ਦੇ ਬਲਦਾਨੀ, ਮੂਲਵਾਨ

ਤੱਥਾਂ ਅਤੇ ਪ੍ਰਤਿਮਾਨਾਂ ਨੂੰ ਇਤਿਹਾਸਕ ਪਰਿਪੇਖ ਦੇ ਸੰਦਰਭ ਵਿਚ ਪੇਸ਼ ਕੀਤਾ ਹੈ।

ਜ਼ੁਲਮ ਦਾ ਵੈਰੀ।
ਮਾਨਵ ਹਿਤੈਸ਼ੀ,
ਮਾਨਵਤਾ ਖਾਤਿਰ।
ਪਿਉ ਮਾਂ ਤੇ ਪੁੱਤਰਾਂ,
ਦੀ ਦਿਤੀ ਕੁਰਬਾਨੀ।

................

ਪੰਜ ਸਿਰ ਵਾਰੀ-ਵਾਰੀ,
ਉਸ ਕਰ ਵਿਖਾਇਆ
ਫਿਰ ਕੌਤਕ ਭਾਰੀ।
ਬੰਨ ਦਸਤਾਰ ਉਸ
ਸਿਰਾਂ ਨੂੰ ਸਜਾਇਆ।

..........................

ਤੇ ਸਵਾ ਲੱਖ ਨਾਲ
ਇਕ ਨੂੰ ਲੜਾਇਆ।[9]

ਪ੍ਰਸ਼ਨ ਨਾਂ ਦੀ ਕਵਿਤਾ ਰਾਹੀਂ ਪ੍ਰੋ. ਭੱਟੀ ਦੇ ਸਮਕਾਲੀ ਮਨੁੱਖ ਨੇ ਮਾਨਸਿਕ ਦਿਵਾਲੀਏਪਨ ਜਾਂ ਮਾਰੂ ਬੌਧਿਕਤਾ ਦੇ ਆਂਤਰਿਕ ਅੰਸ਼ਾਂ ਨੂੰ ਬੜੀ ਸੰਜੀਵਲਤਾ ਨਾਲ ਚਿਤਰਿਆ ਹੈ। ਬਾਹਰਮੁੱਖੀ ਚਕਾਚੌਂਧ ਅਤੇ ਵਰਤਾਰਿਆ ਵਿਚ ਗ੍ਰਸਤ ਮਨੁੱਖ ਆਂਤਰਿਕ ਤਨਾਉ ਦਾ ਧਾਰਨੀ ਨਜ਼ਰ ਆਉਂਦਾ ਹੈ। ਇਹ ਅੰਤਰ-ਵਿਰੋਧ ਸਵੈ-ਪਹਿਚਾਨ ਅਤੇ ਅਸਤਿਤਵੀ ਤਲਾਸ਼ ਦੀ ਸਥਿਤੀ ਵਿਚੋਂ ਗੁਜਰ ਰਿਹਾ ਹੈ। ਇਹ ਭੱਟਕਣ, ਮਾਨਸਿਕ, ਅਸ਼ਾਂਤੀ, ਸੰਤਾਪ ਦਾ ਕਾਰਨ ਬਣਦੀ ਨਜ਼ਰ ਆਉਂਦੀ ਹੈ।

ਹਰ ਪ੍ਰਸ਼ਨ, ਨਿਰਉੱਤਰ ਹੈ।
ਜੋ ਲਭ ਰਿਹਾ ਹੈ, ਆਪਣਾ ਉੱਤਰ ?
ਸੰਤਾਂ, ਮਹੰਤਾਂ ਤੇ ਗੁਰੂ ਪਿਆਰੀਆਂ ਨੂੰ
ਮੰਦਰ, ਮਸਜਿਦਾਂ
ਗਿਰਜੀਆਂ, ਗੁਰਦਵਾਰਿਆਂ ਨੂੰ
ਕਿਸਮਤ ਦੇ ਮਾਰਿਆ ਨੂੰ
ਜਿਤਾਂ ਤੇ ਹਾਰਿਆਂ ਨੂੰ

...........................


PURVA MIMAANSA

ਮੈਂ ਪ੍ਰਸ਼ਨ ਦਾ ਨਿਰਉੱਤਰ

ਮੈਨੂੰ ਮੇਰੇ ਉਤਰ ਦਿਉ।[11]

ਪ੍ਰੋ. ਭੱਟੀ ਦੀ ਕਾਵਿ-ਸਾਧਨਾਂ ਸਮੂਚੀ ਮਾਨਵਤਾ ਦੀ ਵਿਕਾਸਮੁੱਖੀ ਹੋਂਦ ਨੂੰ ਆਪਣੀ ਕਾਵਿ-ਸਾਧਨਾਂ ਦਾ ਵਿਸ਼ਾ ਬਣਾਉਂਦੀ ਹੈ। ਕਾਵਿ ਤੋਲ-ਤੁਕਾਂਤ, ਥੀਮਕ ਫੈਲਾਉ ਅਤੇ ਨਵੀਨ ਪੇਸ਼ਕਾਰੀਆਂ ਉਹਨਾਂ ਦੀ ਪ੍ਰਤਿਭਾ ਦਾ ਸ਼ਿਖਰ ਨਜ਼ਰ ਆਉਂਦੀਆਂ ਹਨ। ਹਰਿਆਣੇ ਦੇ ਇਸ ਕਵਿ ਦਾ ਕਾਵਿ ਪ੍ਰਵਚਨ ਅਜੋਕੇ ਟੁੱਟੇ-ਹਾਰੇ ਮਨੁੱਖ ਦੇ ਸਭਿਅਤਾ, ਮਾਨਵਤਾ, ਨੈਤਿਕਤਾ ਤੇ ਸਮਾਜ ਤੋਂ ਦੂਰ ਭਾਵੁਕ ਰਹਿਤ ਵਰਤਾਰੇ ਦਾ ਵਿਸਤਾਰੀ ਵਰਨਣ ਕਰਦੇ ਹੋਏ ਕਈ ਭਵਿੱਖਮੁੱਖੀ ਸਵਾਲਾਂ, ਸੰਕਟਾਂ ਵਲ ਇਸ਼ਾਰਾ ਕਰਦੇ ਹਨ।

**ਹਵਾਲੇ ਅਤੇ ਟਿੱਪਣੀਆਂ :-**

1. ਡਾ. ਸੁਖਦੇਵ ਸਿੰਘ, ਕਾਵਿ ਸਰੋਕਾਰ, ਪੰਨਾ 64-65
2. ਪ੍ਰੋ. ਰਜਿੰਦਰ ਸਿੰਘ ਭੱਟੀ ਨੂੰ ਨਜ਼ਮ ਹੀ ਰਹੀਂ, ਪੰਨਾ 27
3. ਉਹੀ ਪੰਨਾ 28
4. ਰੋਜਾਨਾ ਸਪੋਕਸਮੈਨ, ਆਉ ਮਹਾਂਮਾਨਵ ਬਣੀਏ, ਪੰਨਾ 14
5. ਪ੍ਰੋ. ਰਜਿੰਦਰ ਸਿੰਘ ਭੱਟੀ ਤੂੰ ਨਜ਼ਮ ਹੀ ਰਹੀ, ਪੰਨਾ 22-33
6. ਉਹੀ, ਪੰਨਾ 59
7. ਉਹੀ, ਪੰਨਾ 64
8. ਉਹੀ, ਪੰਨਾ 47
9. ਉਹੀ, ਪੰਨਾ 6●-61
10. ਉਹੀ, ਪੰਨਾ 77

PURVA MIMAANSA